## ਪਾਠ-20

## ਧਰਤੀ ਦਾ ਗੀਤ (ਲੇਖਕ- ਸ੍ਰੀ ਕੁਲਦੀਪ ਸਿੰਘ)

### 1. ਪ੍ਰਸ਼ਨ/ਉੱਤਰ



**ਪ੍ਰਸ਼ਨ ੳ. ਸੂਰਜ ਧਰਤੀ ਦਾ ਮੁਖੜਾ ਕਿਵੇਂ ਰੁਸ਼ਨਾਉਂਦਾ ਹੈ?**
ਉੱਤਰ : ਸੂਰਜ ਆਪਣੀਆਂ ਕਿਰਨਾਂ ਨਾਲ਼ ਧਰਤੀ ਦਾ ਮੁਖੜਾ ਰੁਸ਼ਨਾਉਂਦਾ ਹੈ।

**ਪ੍ਰਸ਼ਨ ਅ. ਚੰਨ ਦੀ ਚਾਨਣੀ ਪੈਣ ਨਾਲ਼ ਧਰਤੀ ਕਿਸ ਤਰ੍ਹਾਂ ਲੱਗਦੀ ਹੈ?**
ਉੱਤਰ : ਚੰਨ ਦੀ ਚਾਨਣੀ ਪੈਣ ਨਾਲ਼ ਧਰਤੀ ਸ਼ਿੰਗਾਰੀ ਹੋਈ ਲੱਗਦੀ ਹੈ ।

**ਪ੍ਰਸ਼ਨ ੲ. ਧਰਤੀ ਦੀ ਸ਼ਾਨ ਵਿੱਚ ਕਿਹੜੀਆਂ-ਕਿਹੜੀਆਂ ਚੀਜ਼ਾਂ ਵਾਧਾ ਕਰਦੀਆਂ ਹਨ?**
ਉੱਤਰ : ਸੂਰਜ ਦੀਆਂ ਰਿਸ਼ਮਾਂ, ਚੰਨ ਦੀ ਚਾਨਣੀ, ਬੱਦਲ਼ਾਂ ਵਿੱਚੋਂ ਛਮ-ਛਮ ਵਰਦੀ ਵਰਖਾ, ਰੁੱਖ, ਬੂਟੇ ਤੇ ਫੁੱਲ, ਬਰਫ਼ਾਂ ਲੱਦੇ ਉੱਚੇ ਪਹਾੜ, ਦਰਿਆਵਾਂ ਵਿਚ ਕਲ-ਕਲ ਕਰਦਾ ਪਾਣੀ ਤੇ ਵਾਦੀਆਂ ਵਿੱਚੋਂ ਰੁਮਕਦੀ ਪੌਣ ਸਭ ਚੀਜ਼ਾਂ ਧਰਤੀ ਦੀ ਸ਼ਾਨ ਵਿਚ ਵਾਧਾ ਕਰਦੀਆਂ ਹਨ।

**ਪ੍ਰਸ਼ਨ ਸ. ਧਰਤੀ ਦੀ ਕੁੱਖ ਵਿੱਚੋਂ ਕੀ-ਕੀ ਮਿਲ਼ਦਾ ਹੈ?**
ਉੱਤਰ : ਧਰਤੀ ਦੀ ਕੁੱਖ ਵਿੱਚੋਂ ਸੋਨਾ, ਚਾਂਦੀ ਆਦਿ ਧਾਤਾਂ ਰੁਪ ਸੁਗਾਤਾਂ ਮਿਲ਼ਦੀਆਂ ਹਨ ।



### 2. ਹੇਠ ਲਿਖੀਆਂ ਸਤਰਾਂ ਪੂਰੀਆਂ ਕਰੋ :

**ੳ. ਸੂਰਜ ਕਿਰਨਾਂ ਦੇ ਸੰਗ ਤੇਰੇ,**

ਮੁੱਖੜੇ ਨੂੰ ਰੁਸ਼ਨਾਵੇ।

**ਅ. ਉੱਚੇ ਪਰਬਤ ਬਰਫ਼ਾਂ ਕੱਜੇ,**

ਤੇਰੀ ਸ਼ਾਨ ਵਧਾਉਂਦੇ।

**ੲ. ਦਰਿਆਵਾਂ ਦਾ ਕਲ-ਕਲ ਕਰਦਾ,**

ਪਾਣੀ ਗੀਤ ਸੁਣਾਵੇ।

### 3. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਬਲਿਹਾਰ | : | ਕੁਰਬਾਨ, ਸਦਕੇ |
| ਪਰਬਤ | : | ਪਹਾੜ |
| ਰਿਸ਼ਮਾਂ | : | ਕਿਰਨਾਂ |
| ਬ੍ਰਹਿਮੰਡ | : | ਸਾਰੀ ਦੁਨੀਆ, ਆਲਮ |
| ਮਹਿਮਾਂ | : | ਸ਼ੋਭਾ, ਉਸਤਤ, ਵਡਿਆਈ |
| ਖ਼ਲਕਤ | : | ਦੁਨੀਆ, ਸੰਸਾਰ ਦੇ ਲੋਕ |
| ਭੰਡਾਰ | : | ਖ਼ਜ਼ਾਨਾ, ਸੰਗ੍ਰਹਿ |
| ਕਲ-ਕਲ | : | ਸ਼ੋਰ, ਰੌਲ਼ਾ |
| ਅਪਰ-ਅਪਾਰ | : | ਅਪਾਰ, ਜਿਸਦੀ ਕੋਈ ਹੱਦ ਨਹੀਂ |



## ਵਿਆਕਰਨ :

**ਹੇਠ ਦਿੱਤੇ ਸ਼ਬਦਾਂ ਵਿੱਚੋਂ ਨਾਂਵ, ਵਿਸ਼ੇਸ਼ਣ ਅਤੇ ਕਿਰਿਆ ਸ਼ਬਦਾਂ ਨੂੰ ਵੱਖ-ਵੱਖ ਕਰ ਕੇ ਲਿਖੋ :**

ਜੈ-ਜੈਕਾਰ, ਰੁਸ਼ਨਾਵੇ, ਛਮ-ਛਮ, ਦੇਣ ਸ਼ਿੰਗਾਰ, ਵਧਾਉਂਦੇ, ਸਜਾਉਂਦੇ, ਕਲ-ਕਲ, ਰੁਮਕਦੀ, ਬਹਿਲਾਵੇ, ਮਹਿਮਾ, ਮਿਲ਼ਦੀਆਂ, ਸੁੱਖਾਂ, ਅੱਡ-ਅੱਡ, ਵੰਨ-ਸੁਵੰਨੇ, ਰੱਜ-ਰੱਜ, ਲਾਇਆ।

- **ਨਾਂਵ –** ਜੈ-ਜੈਕਾਰ, ਮਹਿਮਾ, ਸੁੱਖਾਂ।
- **ਵਿਸ਼ੇਸ਼ਣ –** ਅੱਡ-ਅੱਡ, ਵੰਨ-ਸੁਵੰਨੇ।
- **ਕਿਰਿਆ –** ਰੁਸ਼ਨਾਵੇ, ਦੇਣ ਸ਼ਿੰਗਾਰ, ਵਧਾਉਂਦੇ, ਸਜਾਉਂਦੇ, ਰੁਮਕਦੀ, ਬਹਿਲਾਵੇ, ਮਿਲ਼ਦੀਆਂ, ਲਾਇਆ।
- **ਦੁਹਰਾਅ ਸੂਚਕ ਸ਼ਬਦ** - ਛਮ-ਛਮ, ਕਲ-ਕਲ, ਰੱਜ-ਰੱਜ



**ਕੁਦਰਤ**